(This question paper contains **2** printed pages)

Roll. No. ______________

Sl. No. of Question Paper : 3742

Unique Paper Code : 62121101

Name of the Paper : DSC – 1 (Punjabi Discipline)

FC

Name of the Course : BA (Prog.)

Semester : I

Duration : 3 Hours

Max. Marks : 75

**ਨੋਟ : ਸਾਰੇ ਪ੍ਰਸ਼ਨ ਕਰਨੇ ਲਾਜ਼ਮੀ ਹਨ।**

1. ਸੁਜਾਨ ਸਿੰਘ ਦੇ ਕਹਾਣੀ ਸੰਗ੍ਰਹਿ 'ਸਭ ਰੰਗ' ਦੇ ਆਧਾਰ 'ਤੇ ਉਸ ਦੀ ਕਹਾਣੀ ਕਲਾ ਉੱਪਰ ਚਰਚਾ ਕਰੋ। **15**

ਜਾਂ

ਸੁਜਾਨ ਸਿੰਘ ਦੇ ਕਹਾਣੀ ਸੰਗ੍ਰਹਿ 'ਸਭ ਰੰਗ' ਵਿਚੋਂ ਤੁਹਾਨੂੰ ਸਭ ਤੋਂ ਵਧੀਆ ਕਹਾਣੀ ਕਿਹੜੀ ਲੱਗੀ ਅਤੇ ਕਿਉਂ? ਵਿਸ਼ੇ ਦੇ ਆਧਾਰ 'ਤੇ ਸਪਸ਼ਟ ਕਰੋ।

2. ਹੇਠ ਦਿੱਤੇ ਪ੍ਰਸ਼ਨਾਂ ਵਿਚੋਂ ਕਿਸੇ **ਦੋ** ਦਾ ਸੰਖੇਪ ਉੱਤਰ ਦਿਉ : **5X2=10**
   i. 'ਲੁਕਣ-ਮੀਚੀ' ਕਹਾਣੀ ਰਾਹੀਂ ਲੇਖਕ ਕੀ ਸਪਸ਼ਟ ਕਰਨਾ ਚਾਹੁੰਦਾ ਹੈ ?
   ii. 'ਪ੍ਰਾਹੁਣਾ' ਕਹਾਣੀ ਦੇ ਮੁੱਖ ਪਾਤਰ ਦੀਆਂ ਕੋਈ ਪੰਜ ਵਿਸ਼ੇਸ਼ਤਾਵਾਂ ਲਿਖੋ।
   iii. 'ਕਿਸ਼ਨਾ' ਦੀ ਜ਼ਿੰਦਗੀ ਦੀ ਉਹ ਕਿਹੜੀ ਸੱਚਾਈ ਸੀ ਜੋ ਉਸ ਨੂੰ ਸੁਹਾਗਣ ਹੁੰਦਿਆਂ ਹੋਇਆ ਵੀ ਵਿਧਵਾ ਦੀ ਜ਼ਿੰਦਗੀ ਜਿਉਣ ਲਈ ਮਜਬੂਰ ਕਰਦੀ ਹੈ।

3. ਪੰਜਾਬੀ ਸੂਫ਼ੀ-ਕਾਵਿ ਦੇ ਮੁੱਢ ਤੇ ਮੂਲ ਵਿਕਾਸ-ਪੜਾਵਾਂ ਉਪਰ ਰੌਸ਼ਨੀ ਪਾਉ। **15**

ਜਾਂ

'ਪੰਜਾਬੀ ਸੂਫ਼ੀ-ਕਾਵਿ ਸੁਰਾਂ' ਪਾਠ-ਪੁਸਤਕ ਵਿਚੋਂ ਕਿਸੇ **ਦੋ** ਸੂਫ਼ੀ ਕਵੀਆਂ ਦੇ ਜੀਵਨ ਤੇ ਰਚਨਾ ਬਾਰੇ ਵਿਸਤਾਰ ਨਾਲ ਲਿਖੋ।

4. ਹੇਠ ਦਿੱਤੇ ਪ੍ਰਸ਼ਨਾਂ ਵਿਚੋਂ **ਦੋ** ਦੇ ਸੰਖੇਪ ਉੱਤਰ ਦਿਉ : **5X2=10**
   i) ਕਲਾਮ ਸ਼ਾਹ ਸ਼ਰਫ਼ ਦੇ ਬੁਨਿਆਦੀ ਵਿਸ਼ੇ ਕਿਹੜੇ ਹਨ? ਚਰਚਾ ਕਰੋ।
   ii) 'ਬੁਲ੍ਹੇ ਸ਼ਾਹ ਦੀਆਂ ਰਚਨਾਵਾਂ ਦਾ ਵੇਰਵਾ ਦਿਓ ਤੇ ਦੱਸੋ ਉਸ ਨੂੰ ਸਭ ਤੋਂ ਵੱਧ ਪ੍ਰਸਿੱਧੀ ਕਿਸ ਰਚਨਾ ਰਾਹੀਂ ਮਿਲੀ?
   iii) ਹੇਠ ਲਿਖੇ ਕਾਵਿ-ਬੰਦਾਂ ਵਿਚੋਂ ਕਿਸੇ **ਇਕ** ਦੀ ਪ੍ਰਸੰਗ ਸਹਿਤ ਵਿਆਖਿਆ ਕਰੋ :

ਜਿਸ ਪਾਇਆ ਭੇਤ ਕਲੰਦਰ ਦਾ
ਰਾਹ ਖੋਜਿਆ ਆਪਣੇ ਅੰਦਰ ਦਾ
ਉਹ ਵਾਸੀ ਹੈ ਸੁਖ ਮੰਦਰ ਦਾ
ਜਿਥੇ ਕੋਈ ਨਾ ਚੜਦੀ ਲਹਿੰਦੇ ਏ।
ਮੂੰਹ ਆਈ ਬਾਤ ਨਾ ਰਹਿੰਦੀ ਏ।

ਜਾਂ

ਨਾ ਮੈਂ ਭੇਤ ਮਜ਼ਬ ਦਾ ਪਾਇਆ
ਨਾ ਮੈਂ ਆਦਮ ਹਵਾ ਜਾਇਆ
ਨਾ ਕੁਝ ਆਪਣਾ ਨਾਮ ਧਰਾਇਆ
ਨਾ ਵਿਚ ਬੈਠਣ, ਨਾ ਵਿਚ ਭੌਣ
ਬੁਲ੍ਹਿਆ! ਕੀ ਜਾਣਾ ਮੈਂ ਕੌਣ?

P.T.O

5. ਹੇਠ ਲਿਖੇ ਕਾਵਿ-ਛੰਦਾਂ ਵਿਚੋਂ ਕਿਸੇ **ਇਕ** ਨੂੰ ਉਦਾਹਰਣਾ ਸਹਿਤ ਸਮਝਾਓ : 05

ਦੋਹਿਰਾ, ਚੌਪਈ, ਕਬਿਤ

6. ਫ਼ੀਚਰ ਕਿਸ ਨੂੰ ਕਹਿੰਦੇ ਹਨ? ਕਿਸੇ ਰੇਲ-ਦੁਰਘਟਨਾ ਉਪਰ ਫ਼ੀਚਰ ਤਿਆਰ ਕਰੋ। 05

7. ਹੇਠ ਲਿਖੇ ਸ਼ਬਦਾਂ ਵਿਚੋਂ ਕਿਸੇ **ਪੰਜ** ਦੇ ਪੰਜਾਬੀ ਰੂਪ ਲਿਖੋ : 05

Actor, Drama, Poetry, Concept, Cashier, Corruption, Image, Literary

8. ਦਿੱਤੇ ਗਏ ਵਿਸ਼ਿਆਂ ਵਿਚੋਂ ਕਿਸੇ **ਇਕ** 'ਤੇ ਪੈਰ੍ਹਾ ਰਚਨਾ ਕਰੋ : 05

i) ਪਾਣੀ ਪ੍ਰਦੂਸ਼ਣ

ii) ਸਮੇਂ ਦਾ ਮਹੱਤਵ

iii) ਘਰ ਦਾ ਭੇਤੀ ਲੰਕਾ ਢਾਵੇ

9. ਹੇਠ ਦਿੱਤੇ ਅਖਾਣਾਂ ਵਿਚੋਂ ਕਿਸੇ **ਪੰਜ** ਦੇ ਅਰਥ ਲਿਖੋ : 05

ਕੋਲਿਆ ਦੀ ਦਲਾਲੀ ਵਿਚ ਮੂੰਹ ਕਾਲਾ,
ਵੇਲੇ ਦੀ ਨਿਮਾਜ਼, ਕੁਵੇਲੇ ਦੀਆਂ ਟੱਕਰਾਂ,
ਆਪ ਭਲਾ, ਜਗ ਭਲਾ,
ਨਹੁੰਆ ਨਾਲੋਂ ਮਾਸ ਵੱਖ ਨਹੀਂ ਹੁੰਦਾ,
ਧੋਬੀ ਦਾ ਕੁੱਤਾ, ਘਰ ਦਾ ਨਾ ਘਾਟ ਦਾ,
ਉੱਚਾ ਲੰਮਾ ਗਭਰੂ, ਪੱਲੇ ਠੀਕਰੀਆਂ